**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਸਵਿੰਦਰ ਸਿੰਘ ਪੁੱਤਰ ਸ਼੍ਰੀ ਦੇਸ ਰਾਜ ਸਿੰਘ,
ਵਾਰਡ ਨੰ:6, ਮੋਹੱਲਾ ਬਸੋਲੀ ਪੱਟੀ, ਪਿੰਡ ਅਤੇ ਡਾਕਖਾਨਾ ਬਰੇਟਾ,
ਤਹਿਸੀਲ ਬੁਢਲਾਡਾ, ਜਿਲਾ ਮਾਨਸਾ- 151501 ਅਪੀਲਕਰਤਾ

**ਬਨਾਮ**

ਲੋਕ ਸੂਚਨਾ ਅਫਸਰ, ਦਫਤਰ ਮਿਊਂਸਪਲ ਕਮਿਸ਼ਨਰ, ਬਰੇਟਾ,
ਤਹਿਸੀਲ ਬੁਢਲਾਡਾ, ਜਿਲਾ ਮਾਨਸਾ।

ਪਹਿਲੀ ਅਪੀਲੀ ਅਥਾਰਟੀ ਕਮ ਡਿਪਟੀ ਡਾਇਰੈਕਟਰ,
ਸਥਾਨਿਕ ਸਰਕਾਰ, ਬਠਿੰਡਾ। ਉੱਤਰਦਾਤਾ

**ਅਪੀਲ ਕੇਸ ਨੰ: 3669/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਜ਼ਸਵਿੰਦਰ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਿਰਵਲ ਦਾਸ, ਇੰਨਸਪੈਕਟਰ, ਬਰੇਟਾ (94645-39013)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 14-03-2019, **ਲੋਕ ਸੂਚਨਾ ਅਧਿਕਾਰੀ**, ਦਫਤਰ ਮਿਊਂਸਪਲ ਕਮਿਸ਼ਨਰ, ਬਰੇਟਾ,ਤਹਿਸੀਲ ਬੁਢਲਾਡਾ, ਜਿਲਾ ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ੍ਰੀ ਦੇਸ ਰਾਜ ਸਿੰਘ ਪੁਤਰ ਸ੍ਰੀ ਭਾਗ ਸਿੰਘ, ਵਾ:ਨੰ: 6, ਮੁਹੱਲਾ ਬਸੋਲਪੱਤੀ ਬਰੇਟਾ ਨੂੰ ਨਗਰ ਕੋਸਲ ਬਰੇਟਾ ਵਲੋਂ ਮਿਤੀ 01-01-2001 ਤੋ ਲੈ ਕੇ ਮਿਤੀ 13-03-2019 ਤੱਕ ਭੇਜੇ ਗਏ ਹਰ ਕਿਸਮ ਦੇ ਨੋਟਿਸਾਂ ਦੀਆਂ ਤਸਦੀਕ ਸੁਦਾ ਕਾਪੀਆਂ ਅਤੇ ਇਸ ਨਾਲ ਸਬੰਧਤ 13 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਸ੍ਰੀ ਜ਼ਸਵਿੰਦਰ ਸਿੰਘ ਹਾਜ਼ਰ ਹੋਇਆ।ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਗੋਲਮੋਲ ਸੂਚਨਾ ਦਿੱਤੀ ਗਈ ਹੈ। ਸਪਸ਼ੱਟ ਅਤੇ ਸਹੀ ਸੂਚਨਾ ਨਹੀਂ ਦਿੱਤੀ ਗਈ ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਿਰਵਲ ਦਾਸ, ਇੰਨਸਪੈਕਟਰ, ਬਰੇਟਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਉਨ੍ਹਾਂ ਵਲੋਂ ਪਹਿਲਾਂ ਹੀ ਆਪਣੇ ਪੱਤਰ ਨੰ: 1450 ਮਿਤੀ 12-04-2019 ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਪੱਤਰ ਨੰ: 4821 ਮਿਤੀ 18-11-2019 ਵੀ ਪੇਸ਼ ਕੀਤਾ ਗਿਆ ਕਿ ਕੁਝ ਰਿਕਾਰਡ ਜ਼ੋ ਬਹੁਤ ਪੁਰਾਣਾ ਦੀ ਭਾਲ ਕੀਤੀ ਜਾ ਰਹੀ ਹੈ ਭਾਵੇਂ ਕਿ ਉਨ੍ਹਾਂ ਦਾ ਸਬੰਧ ਕੀਤੇ ਗਏ ਸਵਾਲਾਂ ਨਾਲ ਹੈ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਦੇ ਨਾਲ ਨਾਲ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਦਸਤਾਵੇਜ਼ਾਂ /ਉਕਤ ਪੱਤਰਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਆਪਣੀ ਬਿਨੈ ਪੱਤਰ ਰਾਹੀਂ 13 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ,ਜਿਸਦਾ ਉੱਤਰ ਉੱਤਰਦਾਤਾ ਵਲੋਂ ਪੱਤਰ ਮਿਤੀ 12-04-2019 ਰਾਹੀਂ ਦੇ ਦਿੱਤਾ ਗਿਆ ਸੀ ਜਿਸ ਤੋਂ ਅਪੀਲਕਰਤਾ ਸੰਤੁਸ਼ਟ ਨਹੀਂ ਸੀ, ਜਿਸ ਕਾਰਨ ਉਸ ਵਲੋ ਕਮਿਸ਼ਨ ਪਾਸ ਦੂਜੀ ਅਪੀਲ ਦਾਇਰ ਕੀਤੀ ਗਈ ਸੀ। ਉੱਤਰਦਾਤਾ ਵਲੋਂ ਉਕਤ ਪੱਤਰ ਮਿਤੀ 12-04-2019 ਪੇਸ਼ ਕੀਤਾ ਗਿਆ ਜੋ ਮਿਸਲ ਤੇ ਉਪਲਭਧ ਹੈ, ਨੂੰ ਘੋਖਣ ਤੇ ਪਾਇਆ ਗਿਆ ਕਿ ਇਸ ਪੱਤਰ ਰਾਹੀਂ ਅਪੀਲਕਰਤਾ ਨੂੰ ਪਹਿਲਾਂ ਹੀ ਸਾਰੇ ਨੁਕਤਿਆਂ ਸਬੰਧੀ ਉੱਤਰ ਦੇ ਦਿੱਤਾ ਗਿਆ ਹੈ ਜਿਸ ਅਨੁਸਾਰ ਅਪੀਲਕਰਤਾ ਵਲੋਂ ਸਵਾਲ ਕੀਤੇ ਗਏ ਹਨ, ਜਾਂ ਤਿਜੀ ਧਿਰ ਨਾਲ ਸਬੰਧਤ ਸੂਚਨਾ ਹੈ।ਇਸ ਲਈ ਉੱਤਰਦਾਤਾ ਧਿਰ ਵਲੋਂ ਅਪੀਲਕਰਤਾ ਨੂੰ ਦਿੱਤੇ ਗਏ ਉੱਤਰ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 19 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪ੍ਰੇਮ ਕੁਮਾਰ ਰਤਨ, ਮੋ: 98722-20039
ਨੰ: 78/8, ਪਾਰਕ ਰੋਡ, ਨਵੀਂ ਮੰਡੀ, ਧੂਰੀ, ਜ਼ਿਲ੍ਹਾ ਸੰਗਰੂਰ -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ।

ਪਹਿਲੀ ਅਪੀਲੀ ਅਥਾਰਟੀ
ਦਫਤਰ, ਡਿਪਟੀ ਕਮਿਸ਼ਨਰ, ਸੰਗਰੂਰ -------ਉੱਤਰਦਾਤਾ

**ਅਪੀਲ ਕੇਸ ਨੰ: 3646/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਪਰਮਿੰਦਰ ਸਿੰਘ, ਕਲਰਕ (98557-70308)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-06-2019 ਜ਼ੋ ਮਿਤੀ 03-07-2019 ਨੂੰ **ਲੋਕ ਸੂਚਨਾ ਅਧਿਕਾਰੀ,** ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਿਪਟੀ ਕਮਿਸ਼ਨਰ, ਸੰਗਰੂਰ ਜੀ ਪਾਸ ਕੀਤੀ ਗਈ ਸ਼ਿਕਾਇਤ ਜ਼ੋ ਵਸੀਕਾ ਨੰ: 1121 ਜਿਲਤ ਨੰ: 3684 ਮਿਤੀ 07-06-2016 ਵਲੋਂ ਰਕਸ਼ਾ ਰਾਣੀ, ਅਨੀਤਾ ਰਾਣੀ, ਪੂਜਾ ਰਾਣੀ ਦੀ ਰਜਿਸਟਰੀ ਨਾਲ ਸਬੰਧਤ ਹੈ ਸਬੰਧੀ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾਸਬੰਧੀ ਦਿੱਤੇ ਗਏ ਉੱਤਰ /ਸੂਚਨਾ ਤੋਂ ਸੰਤੁਸ਼ਟ ਨਾ ਹੋਣ ਕਾਰਨ ਉਸ ਨੇ ਮਿਤੀ 05-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 29-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 02-11-2019 ਰਾਹੀਂ ਚੀਫ ਰਾਜ ਸੂਚਨਾ ਕਮਿਸ਼ਨਰ, ਪੰਜਾਬ ਜੀ ਨੂੰ ਭੇਜਦੇ ਹੋਏ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ ਕਿ ਉਸਦਾ ਕੇਸ ਕਿਸੇ ਹੋਰ ਕਮਿਸ਼ਨਰ ਪਾਸ ਟਰਾਂਸਫਰ ਕੀਤਾ ਜਾਵੇ, ਜਾਂ ਵਿਡਿਊ ਕਾਂਨਫਰੈਂਸ ਰਾਹੀਂ ਸੁਣਵਾਈ ਕੀਤੀ ਜਾਵੇ ਅਤੇ ਭਵਿੱਖ ਵਿਚ ਕੋਈ ਕੇਸ ਇਸ ਕਮਿਸ਼ਨ ਦੀ ਅਦਾਲਤ ਵਿਚ ਨਾ ਲਗਾਇਆ ਜਾਵੇ। ਪੱਤਰ ਮਿਸਲ ਤੇ ਉਪਲਭਧ ਹੈ। ਇਸ ਉਪਰੰਤ ਮਿਤੀ 16-11-2019 ਰਾਹੀਂ ਭੇਜੀ ਈ.ਮੇਲ. ਵਿਚ ਵੀ ਮਿਤੀ 19-11-2019 ਨੂੰ ਸੁਣਵਾਈ ਲਈ ਇਸ ਕੇਸ ਵਿਚ ਉਕਤ ਦਸੀ ਬੇਨਤੀ ਦੇ ਨਾਲ ਨਾਲ ਲਿਖਿਆ ਗਿਆ ਕਿ ਉਸਨੂੰ ਲਏ ਗਏ ਫੈਸਲੇ ਸਬੰਧੀ ਅੱਜ ਤੱਕ ਜਾਣੂ ਨਹੀਂ ਕਰਵਾਇਆ ਗਿਆ ਜਿਸ ਕਾਰਨ ਉਹ ਅਪੀਲ ਕੇਸ ਨੰ: 3646/2019 ਅੰਡਰ ਪਰੋਟੈਸਟ ਵਾਪਸ ਲੈਂਦਾ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਹੀ ਈ.ਮੇਲ ਰਾਹੀਂ ਪੱਤਰ ਮਿਤੀ 16-11-2019 ਜ਼ੋ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਸੰਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਵੀ ਕੀਤੀ ਗਈ ਹੈ ਰਾਹੀਂ ਮੰਗੀ ਗਈ ਸੂਚਨਾ ਦੇਣ ਲਈ ਲਿਖਦੇ ਹੋਏ ਦਸਿਆ ਗਿਆ ਕਿ ਸਬੰਧਤ ਪੀ.ਆਈ.ਓ. ਵਲੋਂ ਕੋਈ ਸੂਚਨਾ ਨਹੀਂ ਭੇਜੀ ਗਈ ਸਗੋਂ ਸੂਚਨਾ ਦੇਣ ਵਿੱਚ ਟਾਲਾ ਵਟਿਆ ਗਿਆ ਹੈ। ਉਸ ਵਲੋਂ ਕਿਸੇ ਰਾਏ ਦੀ ਮੰਗ ਨਹੀਂ ਕੀਤੀ ਗਈ ਸੀ । ਇਹ ਪੱਤਰ ਵੀ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਪਰਮਿੰਦਰ ਸਿੰਘ, ਕਲਰਕ ਹਾਜ਼ਰ ਹੋਇਆ। ਉਸ ਵਲੋਂ ਡਿਪਟੀ ਕਮਿਸ਼ਨਰ, ਸੰਗਰੂਰ ਦਾ ਪੱਤਰ ਨੰ: 2880-81 ਮਿਤੀ 8-11-2019 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਕਮਿਸ਼ਨ ਨੂੰ ਡਾਕ ਰਾਹੀਂ ਪ੍ਰਾਪਤ ਹੋ ਗਿਆ ਸੀ ਅਤੇ ਇਹ ਪੱਤਰ ਅਪੀਲਕਰਤਾ ਨੂੰ ਸਬੋਧਤ ਹੈ ਅਤੇ ਕਾਪੀ ਕਮਿਸ਼ਨ ਨੂੰ ਕੀਤੀ ਗਈ ਹੈ। ਪੱਤਰ ਮਿਸਲ ਤੇ ਉਪਲਭਧ ਹੈ। ਜਿਸ ਰਾਹੀਂ ਉੱਤਰਦਾਤਾ ਵਲੋਂ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 2133/ਹਰਸ ਮਿਤੀ 18-07-2019 ਰਾਹੀਂ ਉਸਨੂੰ ਲਿਖਿਆ ਗਿਆ ਸੀ ਕਿ ਉਸਦੀ ਦਰਖਾਸਤ ਮਿਤੀ 23-08-2018 ਅਤੇ ਸੋਧਿਆ ਹੋਇਆ ਪੱਤਰ ਕ੍ਰਮਵਾਰ ਨੰਬਰ 2998/ਹਰਸ ਮਿਤੀ 05-09-2018 ਅਤੇ 3195/ਹਰਸ ਮਿਤੀ 25-09-2018 ਰਾਹੀਂ ਉਪ ਮੰਡਲ ਮੈਜਿਸਟਰੇਟ ਧੂਰੀ ਪਾਸ ਪੜਤਾਲ ਤੇ ਰਿਪੋਰਟ ਲਈ ਘੱਲੇ ਗਏ ਸਨ। ਉਪ ਮੰਡਲ ਮੈਜਿਸਟਰੇਟ ਧੂਰੀ ਵਲੋਂ ਪੱਤਰ ਨੰ: 3109/ਸਟੈਨੋ ਮਿਤੀ 29-08-2019 ਰਾਹੀਂ ਪ੍ਰਾਪਤ ਰਿਪੋਰਟ ਦੇ ਆਧਾਰ ਤੇ ਉਸ ਨੂੰ ਪਹਿਲਾਂ ਹੀ ਪੱਤਰ ਨੰ: 2653/ਹਰਸ ਮਿਤੀ 09-10-2019 ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ।

4. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀ ਹੋਇਆ, ਪਰ ਉਸ ਵਲੋਂ ਈ.ਮੇਲ ਰਾਹੀਂ ਮਾਣਯੋਗ ਮੁੱਖ ਰਾਜ ਸੂਚਨਾ ਕਮਿਸ਼ਨਰ, ਜੀ ਨੂੰ ਭੇਜੀਆਂ ਗਈਆਂ ਉਕਤ ਦਰਸਾਈਆਂ ਈ.ਮੇਲਜ਼, ਜਿਨ੍ਹਾਂ ਦਾ ਉੱਤਾਰਾ ਇਸ ਕਮਿਸ਼ਨ ਨੂੰ ਵੀ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3646/2019

ਕੀਤਾ ਗਿਆ ਹੈ, ਰਾਹੀਂ ਲਿਖਿਆ ਗਿਆ ਹੈ ਕਿ ਉਸਦਾ ਕੇਸ ਕਿਸੇ ਹੋਰ ਕਮਿਸ਼ਨਰ ਪਾਸ ਟਰਾਂਸਫਰ ਕੀਤਾ ਜਾਵੇ, ਜਾਂ ਵਿਡਿਉ ਕਾਂਨਫਰੈਂਸ ਰਾਹੀਂ ਸੁਣਵਾਈ ਕੀਤੀ ਜਾਵੇ । ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਇਹ ਵੀ ਲਿਖਿਆ ਗਿਆ ਹੈ ਕਿ ਮੁੱਖ ਰਾਜ ਸੂਚਨਾ ਕਮਿਸ਼ਨਰ ਜੀ ਵਲੋਂ ਉਸ ਨੂੰ ਲਏ ਗਏ ਫੈਸਲੇ ਸਬੰਧੀ ਅੱਜ ਤੱਕ ਜਾਣੂ ਨਹੀਂ ਕਰਵਾਇਆ ਗਿਆ, ਇਸ ਲਈ ਉਹ ਇਹ ਅਪੀਲ ਕੇਸ ਅੰਡਰ ਪਰੋਟੈਸਟ ਵਾਪਸ ਲੈਂਦਾ ਹਾਂ। ਇਹ ਕੇਸ ਟਰਾਂਸਫਰ ਕਰਨ ਲਈ ਮੁੱਖ ਰਾਜ ਸੂਚਨਾ ਕਮਿਸ਼ਨਰ ਜੀ ਵਲੋਂ ਇਸ ਕਮਿਸ਼ਨ ਨੂੰ ਉਨ੍ਹਾ ਦੇ ਕੋਈ ਹੁਕੱਮ ਪ੍ਰਾਪਤ ਨਹੀਂ ਹੋਏ ਅਤੇ ਨਾਂ ਹੀ ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ । ਜਿਥੋਂ ਤੱਕ ਉਸ ਵਲੋਂ ਵਿਡੀਓ ਕਾਂਨਫਰੰਸ ਰਾਹੀਂ ਸੁਣਵਾਈ ਲਈ ਬੇਨਤੀ ਕੀਤੀ ਗਈ ਹੈ, ਇਹ ਮਾਮਲਾ ਵੀਡੀਓ ਕਾਂਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਆਹਮਣੇ ਸਾਹਮਣੇ ਹੀ ਨਿਪਟਾਇਆ ਜਾ ਸਕਦਾ ਹੈ। ਉੱਤਰਦਾਤਾ ਵਲੋਂ ਉਕਤ ਦਸੇ ਅਨੁਸਾਰ ਪੇਸ਼ ਕੀਤੇ ਉੱਤਰ ਅਤੇ ਦਿੱਤੀ ਗਈ ਜਾਣਕਾਰੀ ਨੂੰ ਘੋਖਣ ਤੇ ਪਾਇਆ ਗਿਆ ਹੈ ਕਿ ਉੱਤਰਦਾਤਾ ਵਲੋਂ ਆਪਣੇ ਪੱਤਰ ਮਿਤੀ 08-11-2019 ਅਤੇ ਨਾਲ ਨੱਥੀ ਪੱਤਰ ਨੰ: 2653/ਹਰਸ ਮਿਤੀ 09-10-2019 ਰਾਹੀਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਸਪੱਸ਼ਟ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 19 **ਨਵੰਬਰ ,** 2019.

**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾ: ਹਰਸਿਮਰਨ ਸਿੰਘ, ਐਸੋਸੀਏਟ ਪ੍ਰੋਫੈਸਰ,
ਇੰਚਾਰਜ ਅਪਥੱਲਮਾਲੋਜੀ, ਵਿਭਾਗ ਯੂਨਿਟ 2,
ਸਰਕਾਰੀ ਮੈਡੀਕਲ ਕਾਲਜ਼ ਅਤੇ ਰਾਜਿੰਦਰਾ ਹਸਪਤਾਲ,
ਪਟਿਆਲਾ 147001 ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ
ਮੈਡੀਕਲ ਸਿੱਖਿਆ ਭਵਨ, ਸੈਕਟਰ 69 ਮੋਹਾਲੀ

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ
ਮੈਡੀਕਲ ਸਿੱਖਿਆ ਭਵਨ, ਸੈਕਟਰ 69 ਮੋਹਾਲੀ । --------ਉੱਤਰਦਾਤਾ

**ਅਪੀਲ ਨੰ: 3649/2019**

**ਹਾਜ਼ਰ:-**

1) ਅਪੀਲਕਰਤਾ ਡਾ: ਹਰਸਿਮਰਨ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਕਰਨੈਲ ਕੌਰ ਸੀਨੀਅਰ ਸਹਾਇਕ (98144-77516)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-04-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ ਮੈਡੀਕਲ ਸਿੱਖਿਆ ਭਵਨ, ਸੈਕਟਰ 69 ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਫ.ਆਈ.ਆਰ. ਨੰ: 83 ਮਿਤੀ 29-04-2013 ਸਬੰਧੀ ਪੰਜਾਬ ਪੁਲਿਸ ਵਲੋਂ ਸਮਾਇਤ ਮੰਨਜ਼ੂਰੀ ਲੈਣ ਲਈ ਭੇਜੇ ਗਏ ਸਾਰੇ ਦਸਤਾਵੇਜ਼ਾਂ ਦੀਆਂ ਤਸਦੀਕ ਸੁਦਾ ਕਾਪੀਆਂ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 06-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਡਾ: ਹਰਸਿਮਰਨ ਸਿੰਘ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਸਹੀ ਜਾਣਕਾਰੀ ਨਹੀਂ ਦਿੱਤੀ ਗਈ। ਉਸ ਵਲੋਂ ਮਿਤੀ 22-04-2019 ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਪਰ ਅੱਜ ਤੱਕ ਸਹੀ ਸੂਚਨਾ ਨਹੀਂ ਦਿੱਤੀ ਗਈ । ਜ਼ੋ ਦਸਤਾਵੇਜ਼ ਦਿੱਤੇ ਗਏ ਹਨ ਉਹ ਮੁਕੰਮਲ ਨਹੀਂ ਅਤੇ ਪੇਪਰਾਂ ਵਿਚ ਕੱਟਿੰਗ ਹੈ ਅਤੇ ਤਸਦੀਕ ਨਹੀਂ ਕੀਤੇ ਗਏ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਕਰਨੈਲ ਕੌਰ ਸੀਨੀਅਰ ਸਹਾਇਕ ਹਾਜ਼ਰ ਹੋਈ ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਜਾਣਕਾਰੀ ਦੇ ਸਬੰਧ ਵਿਚ ਪੱਤਰ ਮਿਤੀ 15-05-2019 ਜ਼ੋ ਮਿਸਲ ਤੇ ਉਪਲਭਧ ਹੈ ਰਾਹੀਂ ਮੈਡੀਕਲ ਅਤੇ ਖੋਜ਼ ਵਿਭਾਗ , ਪੰਜਾਬ (ਸਿਹਤ -3 ਸਾਖਾ) ਵਲੋਂ ਬਿਨੈਕਾਰ ਦੀ ਅਰਜੀ ਆਰ.ਟੀ.ਆਈ.ਐਕਟ 2005 ਦੀ ਧਾਰਾ 6(3) ਤਹਿਤ ਦਫਤਰ ਡਾਇਰੈਕਟੋਰੇਟ, ਖੋਜ਼ ਅਤੇ ਮੈਡੀਕਲ ਸਿੱਖਿਆ, ਪੰਜਾਬ, ਮੋਹਾਲੀ ਨੂੰ ਟਰਾਂਸਫਰ ਕਰ ਦਿੱਤੀ ਗਈ ਸੀ।ਜਿਸ ਉਪਰੰਤ ਪੱਤਰ ਮਿਤੀ 30-05-2019 ਰਾਹੀਂ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪੀਲਕਰਤਾ ਨੂੰ ਭੇਜ਼ ਦਿੱਤੀਆਂ ਗਈਆਂ ਸਨ। ਇਸ ਉਪਰੰਤ ਹੁਣ ਪੱਤਰ ਨੰ: 1 ਐਮ.ਈ.1.ਪੰ:-2019/20522 ਮਿਤੀ 07-11-2019 ਪੇਸ਼ ਕੀਤਾ ਗਿਆ (ਜ਼ੋ ਪਹਿਲਾਂ ਹੀ ਮਿਸਲ ਤੇ ਉਪਲਭਧ ਹੈ ) ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉਨ੍ਹਾਂ ਵਲੋਂ ਦਸਿਆ ਗਿਆ ਕਿ ਜਿਹੜੇ ਦਸਤਾਵੇਜ਼ਾਂ ਦੇ ਆਧਾਰ ਤੇ ਸਮਾਇਤ ਮੰਨਜ਼ੂਰੀ ਦਿੱਤੀ ਗਈ ਹੈ ਉਹ ਦਿੱਤੇ ਜਾ ਚੁੱਕੇ ਹਨ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਪੱਤਰ ਮਿਤੀ 30-05-2019 ਰਾਹੀਂ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪੀਲਕਰਤਾ ਨੂੰ ਭੇਜ਼ ਦਿੱਤੀਆਂ ਗਈਆਂ ਸਨ। ਇਸ ਉਪਰੰਤ ਹੁਣ ਪੱਤਰ ਨੰ: 1 ਐਮ.ਈ.1.ਪੰ:-2019/20522 ਮਿਤੀ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਨੰ: 3649/2019**

07-11-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ ਜਿਸ ਰਾਹੀਂ ਵੀ ਅਪੀਲਕਰਤਾ ਨੂੰ ਜਿਹੜੇ ਦਸਤਾਵੇਜ਼ਾਂ ਦੇ ਆਧਾਰ ਤੇ ਵਿਭਾਗ ਵਲੋਂ ਪੁਲਿਸ ਨੂੰ ਸਮਾਇਤ ਮੰਨਜ਼ੂਰੀ ਦਿੱਤੀ ਗਈ ਹੈ ਉਹ ਦਿੱਤੇ ਜਾ ਚੁੱਕੇ ਹਨ। ਪਰ ਅਪੀਲਕਰਤਾ ਦਾ ਇਤਰਾਜ ਇਹ ਹੈ ਕਿ ਜਿਹੜੇ ਦਸਤਾਵੇਜ਼ ਉਸਨੂੰ ਭੇਜੇ ਗਏ ਹਨ ਉਨ੍ਹਾਂ ਵਿਚ ਕੁਝ ਪੇਜ਼ ਕੱਟੇ ਹੋਏ ਹਨ ਅਤੇ ਪੇਜ਼ ਆਰ.ਟੀ.ਆਈ. ਦੇ ਤੋਰ ਤੇ ਤਸਦੀਕ ਨਹੀਂ ਅਤੇ ਕੁਝ ਦੀ ਜਾਣਕਾਰੀ ਅਧੂਰੀ ਹੈ। ਇਸ ਕਰਕੇ ਉੱਤਰਦਾਤਾ ਦੀ ਸਹਿਮਤੀ ਹੋਈ ਹੈ ਕਿ ਅਪੀਲਕਰਤਾ ਉਨ੍ਹਾਂ ਦੇ ਦਫਤਰ ਆ ਕੇ ਰਿਕਾਰਡ ਵੇਖ ਕੇ ਜਿਨ੍ਹਾਂ ਦਸਤਾਵੇਜ਼ਾਂ ਦੀ ਨਿਸ਼ਾਨਦੇਹੀ ਕਰੇਗਾ ਉਹ ਦਸਤਾਵੇਜ਼ ਉਸਨੂੰ ਤਸਦੀਕ ਕਰਕੇ ਦੇ ਦਿੱਤੇ ਜਾਣਗੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 19 ਨਵੰਬਰ , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸੁਰਿੰਦਰ ਕੁਮਾਰ ਸ਼ਰਮਾਂ, ਮਕਾਨ ਨੰ: 806 ਗਲੀ ਨੰਬਰ 1,
ਨਵੀ ਗੀਤਾ ਕਲੋਨੀ, ਨਜਦੀਕ ਗਿੱਲ ਪੈਲੇਸ ਮੋਗਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਪ੍ਰਿੰਸੀਪਲ,
ਗੁਰੂ ਨਾਨਕ ਕਾਲਜ਼, ਕਿਲਿਆਂਵਾਲੀ, ਮੰਡੀ ਡੱਬਵਾਲੀ,
ਜਿਲਾ ਸ੍ਰੀ ਮੁਕਤਸਰ ਸਾਹਬਿ।

ਪਹਿਲੀ ਅਪੀਲੀ ਅਥਾਰਟੀ,
ਗੁਰੂ ਨਾਨਕ ਕਾਲਜ਼, ਕਿਲਿਆਂਵਾਲੀ, ਮੰਡੀ ਡੱਬਵਾਲੀ,
ਜਿਲਾ ਸ੍ਰੀ ਮੁਕਤਸਰ ਸਾਹਬਿ। ----ਉੱਤਰਦਾਤਾ

**ਅਪੀਲ ਕੇਸ ਨੰ: 3658-2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਸੁਰਿੰਦਰ ਕੁਮਾਰ ਸਰਮਾਂ ਅਤੇ ਸ੍ਰੀ ਪਰਮਜੀਤ ਸਿੰਘ ਵਕੀਲ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਵਿੰਦਰਜੀਤ ਸਿੰਘ, ਕਲਰਕ ( 93153-22232)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 29-07-2019, **ਲੋਕ ਸੂਚਨਾ ਅਧਿਕਾਰੀ,** ਗੁਰੂ ਨਾਨਕ ਕਾਲਜ਼, ਕਿਲਿਆਂਵਾਲੀ, ਮੰਡੀ ਡੱਬਵਾਲੀ, ਜਿਲਾ ਸ੍ਰੀ ਮੁਕਤਸਰ ਸਾਹਬਿ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗੁਰੂ ਨਾਨਕ ਕਾਲਿਜ ਸ੍ਰੀ ਮੁਕਤੱਸਰ ਸਾਹਿਬ ਤੋਂ ਸ੍ਰੀ ਜਤਿੰਦਰ ਸ਼ਰਮਾਂ ਦੇ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਸੁਰਿੰਦਰ ਕੁਮਾਰ ਸਰਮਾਂ ਅਤੇ ਸ੍ਰੀ ਪਰਮਜੀਤ ਸਿੰਘ ਵਕੀਲ ਹਾਜ਼ਰ ਹੋਏ, ਉਨ੍ਹਾਂ ਵਲੋਂ ਦਸਿਆ ਗਿਆ ਜ਼ੋ ਜਾਣਕਾਰੀ ਦਿੱਤੀ ਗਈ ਹੈ ਉਹ ਪੂਰੀ ਤਰ੍ਹਾਂ ਦਰੁਸਤ ਨਹੀਂ ਹੈ। ਉਨ੍ਹਾਂ ਵਲੋਂ ਇਹ ਵੀ ਦਸਿਆ ਗਿਆ ਕਿ ਇਹ ਕਰਮਚਾਰੀ ਉਨ੍ਹਾਂ ਦੇ ਕਾਲਜ ਵਿਚ ਲੈਕਚਰਾਰ ਹੈ ਉਸ ਵਲੋਂ ਗੁਰੂ ਨਾਨਕ ਕਾਲਿਜ ਸ੍ਰੀ ਮੁਕਤੱਸਰ ਸਾਹਿਬ ਦਾ ਤਜਰਬੇ ਦਾ ਸਰਟੀਫਿਕੇਟ ਪੇਸ਼ ਕੀਤਾ ਗਿਆ ਸੀ (ਜਿਸਦੀ ਕਾਪੀ ਉਨ੍ਹਾਂ ਨੇ ਪੇਸ਼ ਕੀਤੀ ) ਮਿਸਲ ਤੇ ਰੱਖ ਲਿਆ ਗਿਆ ਹੈ, ਇਸ ਦੀ ਪੁਸ਼ਟੀ ਚਾਹੁੰਦੇ ਹਨ ਕਿ ਕੀ ਇਹ ਸਹੀ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਵਿੰਦਰਜੀਤ ਸਿੰਘ, ਕਲਰਕ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 288/ਆਰ.ਟੀ.ਆਈ./2019 ਮਿਤੀ 04-11-2019 ਪੇਸ਼ ਕੀਤਾ ਗਿਆ ਜ਼ੋ ਕਿ ਪਹਿਲਾਂ ਹੀ ਪ੍ਰਾਪਤ ਹੋ ਚੁੱਕਾ ਹੈ ਅਤੇ ਮਿਸਲ ਤੇ ਉਪਲਭਧ ਹੈ। ਇਹ ਪੱਤਰ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਕੀਤਾ ਗਿਆ ਹੈ। ਇਸ ਪੱਤਰ ਰਾਹੀਂ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਭੇਜੀ ਸੂਚਨਾ ਸਬੰਧੀ ਪੱਤਰਾਂ ਦੇ ਨਾਲ ਨਾਲ ਇਹ ਵੀ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਜ਼ੋ ਸੂਚਨਾ ਮੰਗੀ ਜਾ ਰਹੀ ਹੈ ਉਹ ਤੀਹ ਸਾਲ ਪੁਰਾਣੀ ਹੋਣ ਕਾਰਨ ਕਾਲਜ ਵਿਚ ਉਪਲਭਧ ਨਹੀਂ ਹੈ। ਕਾਲਜ ਵਿਚ ਲਗਭਗ 1980 ਤੋਂ 1993 ਤੱਕ ਦਾ ਰਿਕਾਰਡ ਸਿਉਂਕ ਦੇ ਕਾਰਨ ਨਸ਼ਟ ਹੋ ਚੁੱਕਾ ਹੈ ਇਸ ਲਈ ਦੇਣ ਤੋਂ ਅਸਮਰਥ ਹੈ।

4. ਦੋਨਾਂ ਧਿਰਾਂ ਵਲ਼ੋ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੌਂ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਮਿਤੀ 07-08-2019 ਅਤੇ ਮਿਤੀ 30-08-2019 ਰਾਹੀਂ ਮੰਗੀ ਗਈ ਸੂਚਨਾ ਦੇ ਸੰਬਧ ਵਿਚ ਜਵਾਬ ਭੇਜ਼ ਦਿੱਤਾ ਗਿਆ ਸੀ ਅਤੇ ਆਰ.ਟੀ.ਆਈ. ਅਧੀਨ ਮੁੜ ਉਕਤ ਪੱਤਰ ਮਿਤੀ 04-11-2019 ਰਾਹੀਂ ਲੋੜੀਂਦੀ ਸੂਚਨਾ ਭੇਜ਼ ਦਿੱਤੀ ਗਈ ਹੈ ਕਿ ਅਪੀਲਕਰਤਾ ਵਲੋਂ ਜ਼ੋ ਸੂਚਨਾ ਮੰਗੀ ਜਾ ਰਹੀ ਹੈ ਉਹ ਤੀਹ ਸਾਲ ਪੁਰਾਣੀ ਹੋਣ ਕਾਰਨ ਕਾਲਜ ਵਿਚ ਉਪਲਭਧ ਨਹੀਂ ਹੈ। ਕਾਲਜ ਵਿਚ ਲਗਭਗ 1980 ਤੋਂ 1993 ਤੱਕ ਦਾ ਰਿਕਾਰਡ

ਪਰਤੋ ਜੀ -----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3658-2019

ਸਿਉਂਕ ਖਾ ਗਈ ਹੈ ਜਿਸਦੇ ਕਾਰਨ ਨਸ਼ਟ ਹੋ ਚੁੱਕਾ ਹੈ ਇਸ ਲਈ ਦੇਣ ਤੋਂ ਅਸਮਰਥ ਹੈ। ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਪੇਸ਼ ਜ਼ੋ ਗੁਰੂ ਨਾਨਕ ਕਾਲਿਜ ਸ੍ਰੀ ਮੁਕਤੱਸਰ ਸਾਹਿਬ ਦਾ ਤਜਰਬੇ ਦਾ ਸਰਟੀਫਿਕੇਟ ਪੇਸ਼ ਕੀਤਾ ਗਿਆ ਹੈ ਉਹ ਉੱਤਰਦਾਤਾ ਨੂੰ ਮੌਕੇ ਤੇ ਦਿੱਤਾ ਗਿਆ ਹੈ ਇਸ ਦੀ ਪੁਸਟੀ ਕਰਵਾਉਣਾ ਚਾਹੁੰਦਾ ਹੈ ਕਿ ਕੀ ਇਹ ਸਹੀ ਹੈ ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਾਲਜ ਵਿਚ ਲਗਭਗ 1980 ਤੋਂ 1993 ਤੱਕ ਦਾ ਰਿਕਾਰਡ ਸਿਊਕ ਖਾ ਗਈ ਹੈ ਜਿਸਦੇ ਕਾਰਨ ਰਿਕਾਰਡ ਨਸ਼ਟ ਹੋ ਚੁੱਕਾ ਹੈ ਸਬੰਧੀ ਹਲਫਿਆ ਬਿਆਨ ਪੇਸ਼ ਕੀਤਾ ਜਾਵੇ। ਇਸ ਦੇ ਨਾਲ ਹੀ ਅਪੀਲਕਰਤਾ ਵਲੋਂ ਪੇਸ਼ ਕੀਤੇ ਗਏ ਤਜਰਬੇ ਦੇ ਸਰਟੀਫਿਕੇਟ ਦੀ ਪੁਸ਼ਟੀ ਕੀਤੀ ਜਾਵੇ ਕਿ ਕੀ ਇਹ ਉਨ੍ਹਾਂ ਦੇ ਕਾਲਜ਼ ਦਾ ਹੈ ਜਾਂ ਨਹੀਂ। ਇਸ ਤੋਂ ਇਲਾਵਾ ਰਿਕਾਰਡ ਸਿਊਕ ਕਾਰਨ ਨਸ਼ਟ ਹੋ ਗਿਆ ਹੈ ਸਬੰਧੀ ਕਾਲਿਜ ਦੀ ਪ੍ਰੋਸੀਡਿੰਗਜ਼ ਆਦਿ ਦੀ ਕਾਪੀ ਵੀ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 08-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 19 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸੁਖਵਿੰਦਰ ਸਿੰਘ, ਪੁੱਤਰ ਸ੍ਰੀ ਲਾਲ ਸਿੰਘ,
ਵਾਰਡ ਨੰ: 3/112, ਸੰਗਤ ਨਗਰ, ਧੂਰੀ, ਜਿਲਾ ਸੰਗਰੂਰ ---------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ, ਈ.ਓ., ਐਨ ਸੀ,
ਧੂਰੀ, ਜਿਲਾ ਸੰਗਰੂਰ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਿਪਟੀ ਡਾਇਰੈਕਟਰ, ਲੋਕਲ ਗੋਰਮਿੰਟ, ਪਟਿਆਲਾ । -----------ਉੱਤਰਦਾਤਾ

**ਅਪੀਲ ਕੇਸ ਨੰ: 3664/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 08-03-2019, **ਲੋਕ ਸੂਚਨਾ ਅਧਿਕਾਰੀ,** ਦਫਤਰ, ਈ.ਓ., ਐਨ ਸੀ, ਧੂਰੀ, ਜਿਲਾ ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਇਕ 5 ਵਿਸਵੇ ਦੇ ਪਲਾਟ ਦੀ ਖਰੀਦ ਰਜਿਸਟਰੀ ਮਿਤੀ 13-02-2017 ਨੂੰ ਸਬ ਰਜਿਸਟਰਾਰ ਧੂਰੀ ਪਾਸੋ ਕਰਵਾਈ ਸੀ । ਉਸ ਵਲੋਂ ਇਸ ਪਲਾਟ ਤੇ ਬੈਂਕ ਪਾਸੋ ਲੋਨ ਲੈ ਕੇ ਮਕਾਨ ਦੀ ਉਸਾਰੀ ਕੀਤੀ ਜਾਣੀ ਹੈ, ਜਿਸ ਸਬੰਧੀ ਵਿਚ ਉਸਨੂੰ ਦਸਤਾਵੇਜ਼ਾਂ ਦੀ ਲੋੜ ਹੈ ਜਿਸ ਕਰਕੇ ਉਸ ਵਲੋਂ ਇਨ੍ਹਾਂ ਦਸਤਾਵੇਜ਼ਾਂ ਅਤੇ ਸਰਕਾਰ ਦੇ ਰੂਲਾਂ ਨੋਟਿਫਿਕੇਸ਼ਨਾਂ ਆਦਿ ਦੀ ਮੰਗ ਕੀਤੀ ਗਈ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 12-11-2019 ਜ਼ੋ ਚੀਫ ਸਟੇਟ ਇੰਨਫਰਮੇਸ਼ਨ ਕਮਿਸ਼ਨਰ, ਪੰਜਾਬ ਜੀ ਨੂੰ ਸੰਬੋਧਤ ਹੈ ਅਤੇ ਉਤਾਰਾ ਇਸ ਕਮਿਸ਼ਨ ਨੂੰ ਵੀ ਕੀਤਾ ਗਿਆ ਹੈ। ਜਿਸ ਵਿਚ ਉਸ ਵਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਬੈਂਚ ਪਾਸੋਂ ਸੁਣਵਾਈ ਨਹੀਂ ਕਰਾਉਣਾ ਚਾਹੁੰਦਾ ਕਿਉਂਜੋ ਉਸਦੇ ਪਹਿਲੇ ਕੇਸਾਂ ਵਿਚ ਜ਼ੋ ਹੁੱਕਮ ਸੁਣਾਇਆ ਗਿਆ ਸੀ ਉਸ ਤੋ ਉਹ ਸੰਤੁਸ਼ਟ ਨਹੀ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਇਸ ਕੇਸ ਵਿਚ ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ। ਪਰ ਅਪੀਲਕਰਤਾ ਵਲੋਂ ਆਪਣੀ ਈ.ਮੇਲ. ਮਿਤੀ 12.11.2019 ਜ਼ੋ ਚੀਫ ਸਟੇਟ ਇੰਨਫਰਮੇਸ਼ਨ ਕਮਿਸ਼ਨਰ, ਪੰਜਾਬ ਜੀ ਨੂੰ ਸੰਬੋਧਤ ਹੈ ਅਤੇ ਉਤਾਰਾ ਇਸ ਕਮਿਸ਼ਨ ਨੂੰ ਵੀ ਕੀਤਾ ਗਿਆ ਹੈ। ਜਿਸ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਬੈਂਚ ਪਾਸੋਂ ਸੁਣਵਾਈ ਨਹੀਂ ਕਰਾਉਣਾ ਚਾਹੁੰਦਾ। ਸ੍ਰੀ ਸੁਖਵਿੰਦਰ ਸਿੰਘ ਨੇ ਜਿਹੜੇ ਵੀ ਕੇਸ ਪਾਏ ਸਨ ਉਨ੍ਹਾਂ ਦਾ ਫੈਸਲਾ ਉਸਦੀ ਹਾਜ਼ਰੀ ਵਿਚ ਹੋਇਆ ਹੈ ਅਤੇ ਉਸਦੇ ਆਪਣੇ ਇਕ ਪੱਤਰ ਲਈ ਮੁਆਫੀ ਵੀ ਲਿਖ ਕੇ ਮੰਗੀ ਹੈ, ਇਹ ਆਦਤਨ ਹੀ ਲਿਖ ਰਿਹਾ ਹੈ। ਇਸ ਕੇਸ ਵਿਚ ਇਹ ਪਹਿਲੀ ਸੁਣਵਾਈ ਲਈ ਮਿਤੀ 19-11-2019 ਨਿਸਚਿਤ ਕੀਤੀ ਗਈ ਸੀ ਅਤੇ ਅੱਜ ਅਪੀਲਕਰਤਾ ਅਤੇ ਉੱਤਰਦਾਤਾ ਦੋਵੇਂ ਹਾਜ਼ਰ ਨਹੀਂ ਹੋਏ। ਅਪੀਲਕਰਤਾ ਦੀ ਬੇਨਤੀ ਤੇ ਚੀਫ ਸਟੇਟ ਇੰਨਫਰਮੇਸ਼ਨ ਕਮਿਸ਼ਨਰ, ਪੰਜਾਬ ਜੀ ਵਲੋਂ ਇਸ ਕਮਿਸ਼ਨ ਨੂੰ ਅਜੇ ਤੱਕ ਕੋਈ ਹੁਕੱਮ ਪ੍ਰਾਪਤ ਨਹੀਂ ਹੋਏ। ਇਸ ਲਈ ਇਹ ਅਪੀਲ ਕੇਸ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 19 ਨਵੰਬਰ , 2019.
ਕਾਪੀ: ਡਿਪਟੀ ਰਜਿਸਟਰਾਰ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹੀਰਾ ਲਾਲ ਪੁੱਤਰ ਨੀਲੂਰਾਮ 9464725664
ਵਾਸੀ ਪਿੰਡ ਫਿੱਡੇ ਖੁਰਦ ਤਹਿਸੀਲ ਕੋਟਕਪੂਰਾ ਜਿਲਾ ਫਰੀਦਕੋਟ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ
ਬੰਦਾ ਬਹਾਦੁਰ ਕਾਲਿਜ ਆਫ ਐਜੂਕੇਸ਼ਨ ਫਰੀਦਕੋਟ। ---------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 842 /2019**

**ਹਾਜ਼ਰ:–**

1) ਸ਼ਿਕਾਇਤਕਰਤਾ ਹੀਰਾ ਲਾਲ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਨਹੀ।

**ਹੁੱਕਮ:**

ਇਹ ਕੇਸ ਪਹਿਲੀ ਸੁਣਵਾਈ ਦੀ ਮਿਤੀ 30-10-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ। ਸ਼ਿਕਾਇਤਕਰਤਾ ਹਾਜ਼ਰ ਨਹੀ਼ ਹੋਇਆ ਸੀ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਪੁਨੀਤ, ਸਹਾਇਕ ਪ੍ਰੋਫੈਸਰ ਹਾਜ਼ਰ ਹੋਇਆ। ਉਸ ਵਲੋਂ ਅਥਾਰਟੀ ਲੈਟਰ ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਸੀ। ਉਸ ਵਲੋਂ ਲੋਕ ਸੂਚਨਾ ਅਧਿਕਾਰੀ ਵਲੋਂ ਦਿੱਤਾ ਗਿਆ ਉੱਤਰ ਮਿਤੀ 29-10-2019 ਪੇਸ਼ ਕੀਤਾ ਗਿਆ ਸੀ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਪਰ ਸ਼ਿਕਾਇਤਕਰਤਾ ਨੂੰ ਨਹੀਂ ਸੀ ਭੇਜਿਆ ਗਿਆ। ਮਿਸਲ ਤੇ ਰੱਖ ਲਿਆ ਗਿਆ ਸੀ। ਉੱਤਰਦਾਤਾ ਵਲੋਂ ਹਾਜ਼ਰ ਸ੍ਰੀ ਪੁਨੀਤ ਵਲੋਂ ਜ਼ੋ ਸੂਚਨਾ ਪੇਸ਼ ਕੀਤੀ ਗਈ ਉਹ ਸ਼ਿਕਾਇਤਕਰਤਾ ਨੂੰ ਨਹੀਂ ਭੇਜੀ ਗਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ /ਜਵਾਬ ਸਿੱਧੇ ਤੌਰ ਤੇ ਰਜਿਸਟਰਡ ਪੱਤਰ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਹੀਰਾ ਲਾਲ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਅੱਜ ਦੀ ਤਾਰੀਖ ਉੱਤਰਦਾਤਾ ਵਲੋਂ ਜਵਾਬ ਲਈ ਪਾਈ ਗਈ ਸੀ, ਪਰ ਉਸਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵਲੋਂ ਬੇਨਤੀ ਕੀਤੀ ਗਈ ਕਿ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀ਼ਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਹੋਇਆ ਪਰ ਉੱਤਰਦਾਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ। ਪਿਛਲੀ ਮਿਤੀ ਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ /ਜਵਾਬ ਸਿੱਧੇ ਤੌਰ ਤੇ ਰਜਿਸਟਰਡ ਪੱਤਰ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਪਰ ਸ਼ਿਕਾਇਤਕਰਤਾ ਵਲੋਂ ਪੇਸ਼ੀ ਦੋਰਾਨ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਸਨੂੰ ਅਜੇ ਤੱਕ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਸ੍ਰੀ ਪੁਨਿਤ ਸਹਾਇਕ ਪ੍ਰੋਫੈਸਰ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਰਸੀਟ ਸਹਿਤ ਦਸਿਆ ਜਾਵੇ ਕਿ ਸ਼ਿਕਾਇਤਕਰਤਾ ਨੂੰ ਜਾਣਕਾਰੀ ਕਦੋਂ ਭੇਜੀ ਗਈ । ਇਸ ਦੇ ਨਾਲ ਹੀ ਸਪਸ਼ਟੀਕਰਨ ਦਿਤਾ ਜਾਵੇ ਕਿ ਅੱਜ ਪੇਸ਼ੀ ਤੇ ਹਾਜ਼ਰ ਕਿਉਂ ਨਹੀਂ ਹੋਏ। ਉੱਤਰਦਾਤਾ ਪਾਸੋਂ ਸ਼ਿਕਾਇਤਕਰਤਾ ਨੂੰ ਜਾਣਕਾਰੀ ਪ੍ਰਾਪਤ ਹੋਣ ਉਪਰੰਤ ਜੇਕਰ ਅਪੀਲਕਰਤਾ ਵਲੋਂ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਉਹ ਸਿੱਧੇ ਤੋਰ ਤੇ ਉੱਤਰਦਾਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ ਅਤੇ ਉੱਤਰਦਾਤਾ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਪਾਈਆਂ ਗਈਆਂ ਤਰੁੱਟੀਆਂ ਦੂਰ ਕਰਕੇ ਕਮਿਸ਼ਨ ਨੂੰ ਸੂਚਿਤ ਕਰੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 07-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

ਮਿਤੀ: ਚੰਡੀਗੜ੍ਹ, 19 ਨਵੰਬਰ , 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਉਜਾਗਰ ਸਿੰਘ, (98789-61815)
ਪੁੱਤਰ ਸ਼੍ਰੀ ਬੰਤ ਸਿੰਘ,ਵਾਸੀ ਗਲੀ ਨੰ:1,
ਮਾਨ ਕਲੌਨੀ ਡਾਬਾ (ਲੁਧਿਆਣਾ)। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,ਦਫਤਰ ਰਜਿਸਟਰਾਰ,
ਮਨੁੱਖੀ ਅਧਿਕਾਰ ਕਮਿਸ਼ਨ, ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,ਦਫ਼ਤਰ ਰਜਿਸਟਰਾਰ,
ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 460/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਪਵਨਦੇਵ ਸਿੰਘ, (7888741866), ਅਤੇ ਸ਼੍ਰੀ ਪਰਮਜੀਤ ਸਿੰਘ, ਏ.ਐਸ.ਆਈ.(98723-31840)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ, 30-10-2019 ਤੇ ਅਪੀਲਕਰਤਾ ਹਾਜਰ ਹੋਇਆ ਸੀ ਅਤੇ ਉਸ ਵਲੋਂ ਪ੍ਰਾਪਤ ਹੋਈ ਸੂਚਨਾ ਦੇ ਸਬੰਧ ਵਿਚ ਜ਼ੋ ਤਰੁੱਟੀਆਂ ਦਸੀਆਂ ਗਈਆਂ ਸਨ ਉਨ੍ਹਾਂ ਸਬੰਧੀ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਨਾਲ ਸਹਿਮਤੀ ਨਹੀਂ ਸੀ ਪ੍ਰਗਟਾਈ ਗਈ। ਉੱਤਰਦਾਤਾ ਵਲੋਂ ਹਾਜ਼ਰ ਸ਼੍ਰੀ ਪਵਨਦੇਵ ਸਿੰਘ, ਅਤੇ ਸ਼੍ਰੀ ਪਰਮਜੀਤ ਸਿੰਘ ਏ.ਐਸ. ਆਈ. ਵਲੋਂ ਦਸਿਆ ਗਿਆ ਸੀ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਦੋਨਾਂ ਧਿਰਾਂ ਵਲੋਂ ਪੇਸੀ ਸਮੇ ਦਿੱਤੀਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਸਹੀ ਨਹੀਂ ਅਤੇ ਕਮਿਸ਼ਨ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਅਗਲੀ ਪੇਸ਼ੀ ਦੀ ਮਿਤੀ ਤੇ ਅਪੀਲਕਰਤਾ ਨੂੰ ਵਿਸਥਾਰਪੂਰਵਕ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਸਟੇਟਸ ਵੀ ਦਸਿਆ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਸੁਚਿਤ ਕੀਤਾ ਗਿਆ ਹੈ ਕਿ ਉਹ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ।

3. ਉੱਤਰਦਾਤਾ ਵੱਲੋਂ ਸ਼੍ਰੀ ਪਵਨਦੇਵ ਸਿੰਘ, ਅਤੇ ਸ਼੍ਰੀ ਪਰਮਜੀਤ ਸਿੰਘ, ਏ.ਐਸ.ਆਈ. ਅੱਜ ਪੇਸ਼ੀ ਤੇ ਹਾਜ਼ਰ ਹੋਏ। ਉਨ੍ਹਾਂ ਵਲੋਂ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 460/2019 ਆਰ.ਟੀ.ਆਈ. ਮਿਤੀ 18-11-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਉੱਤਰਦਾਤਾ ਵਲੋਂ ਨੁਕਤਾਵਾਰ ਸੂਚਨਾ ਤਿਆਰ ਕੀਤੀ ਗਈ ਹੈ ਪਰ ਅਪੀਲਕਰਤਾ ਨੂੰ ਇਹ ਸੂਚਨਾ ਨਹੀ ਭੇਜੀ ਗਈ। ਅੱਜ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ ਜਾਂ ਉਸ ਪਾਸੋਂ ਰਸੀਟ ਕਰਵਾ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ ਉਸ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 07-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 19 **ਨਵੰਬਰ** , 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਕਰਮਜੀਤ ਸਿੰਘ 9988627312
111 ਅਰਬਨ ਇਸਟੇਟ ਫੋਕਲ ਪੁਆਂਇਟ ਰਾਜਪੁਰਾ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਲੀਗਲ ਮੀਟਰੋਲਜੀ ਪੰਜਾਬ,
ਅਨਾਜ ਭਵਨ ਸੈਕਟਰ 39 ਸੀ ਚੰਡੀਗੜ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 858 /2019**

**ਹਾਜ਼ਰ:-**

1) ਸਿ਼ਕਾਇਤਕਰਤਾ ਸ੍ਰੀ ਕਰਮਜੀਤ ਸਿੰਘ ਅਤੇ ਸ੍ਰੀ ਤੁਸ਼ਾਂਤ ਰਿੱਸ਼ੀ, ਵਕੀਲ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਵੀਰ ਸਿੰਘ ਸੁਪਰਡੰਟ (97804-25473) ਸਰਬਜੀਤ ਕੌਰ,ਸੀ.ਸਹਾਇਕ (99150-77098) ਅਤੇ ਅਨੀਰੂਧ ਔਹਜਾ, ਨਿਰੀਖਕ (99157 -85677)

**ਹੁੱਕਮ:**

ਸਿ਼ਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-06-2019, ਲੋਕ ਸੂਚਨਾ ਅਧਿਕਾਰੀ ਲੋਕ ਸੂਚਨਾ ਅਧਿਕਾਰੀ,ਦਫਤਰ ਲੀਗਲ ਮੀਟਰੋਲਜੀ ਪੰਜਾਬ,ਅਨਾਜ ਭਵਨ ਸੈਕਟਰ 39 ਸੀ ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਾਜਪੁਰਾ ਸੈਂਟਰ ਦੇ ਅਧੀਨ ਕਲਾਸ ।। ਅਤੇ 111 ਦੇ ਇਲਕਟਰੋਨਿਕ, ਫਰਸ਼ੀ ਅਤੇ ਮੈਨੂਅਲ ਕੰਡਿਆਂ ਨਾਲ ਸਬੰਧਤ 05 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 05-11-2019 ਸ਼ਿਕਾਇਤਕਰਤਾ ਸ੍ਰੀ ਕਰਮਜੀਤ ਸਿੰਘ ਅਤੇ ਸ੍ਰੀ ਤੁਸ਼ਾਂਤ ਰਿੱਸ਼ੀ, ਵਕੀਲ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਨ੍ਹਾਂ ਨੂੰ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਵੀਰ ਸਿੰਘ ਸੁਪਰਡੰਟ , ਸ੍ਰੀ ਸਰਬਜੀਤ ਸਿੰਘ ਅਤੇ ਅਨੀਰੂਧ ਔਹਜਾ ਪੇਸ਼ੀ ਤੇ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਪੱਤਰ ਮੀਮੋ ਨੰ: 356-57 ਮਿਤੀ 31-10-2019 ਜ਼ੋ ਸਿ਼ਕਾਇਤਕਰਤਾ ਨੂੰ ਸੰਬੋਧਤ ਹੈ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਸਿ਼ਕਾਇਤਕਰਤਾ ਵਲੋਂ ਮਿਤੀ 21-06-2019 ਨੂੰ ਬਿਨੈ ਪੱਤਰ ਦਿੱਤਾ ਗਿਆ ਸੀ ਅਤੇ ਉੱਤਰ ਉਨ੍ਹਾਂ ਵਲੋਂ ਮਿਤੀ 31-10-2019 ਨੂੰ ਦਿੱਤਾ ਗਿਆ ਹੈ। ਉੱਤਰ ਲੇਟ ਦਿੱਤਾ ਗਿਆ ਹੈ, ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਡਿਟੇਲ ਵਿਚ ਉੱਤਰ ਦਿੱਤਾ ਜਾਵੇ । ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 19-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਸਿਕਾਇਤਕਰਤਾ ਸ੍ਰੀ ਕਰਮਜੀਤ ਸਿੰਘ ਅਤੇ ਸ੍ਰੀ ਤੁਸ਼ਾਂਤ ਰਿੱਸ਼ੀ, ਵਕੀਲ ਪੇਸ਼ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਭੇਜੀ ਗਈ ਸੂਚਨਾ ਪ੍ਰਾਪਤ ਹੋ ਗਈ ਹੈ। ਪਰ ਉੱਤਰਦਾਤਾ ਵਲੋਂ ਆਪਣੇ ਪੱਤਰ ਮਿਤੀ 14-11-2019 ਰਾਹੀਂ ਸਰਵ ਸ੍ਰੀ ਅਖਤਰ ਹੁਸੈਨ ਅਤੇ ਦਰਸਨ ਖਾਨ, ਮੁਰੰਮਤ ਕਰਤਾਵਾ ਦੇ ਲਾਇਸੰਸ ਰੱਦ ਕਰਨ ਸਬੰਧੀ ਦਸਿਆ ਗਿਆ ਹੈ ਕਿ ਉਕਤ ਮਾਮਲੇ ਦੀ ਵਿਭਾਗ ਵਲੋਂ ਜਾਂਚ/ਇੰਨਕੁਆਰੀ ਕਰਵਾਈ ਜਾ ਰਹੀ ਹੈ, ਇਨੰਕੁਆਰੀ ਰਿਪੋਰਟ ਪ੍ਰਾਪਤ ਹੋ ਜਾਣ ਤੇ ਸ਼ਿਕਾਇਤ ਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਜਾਵੇਗੀ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਬਲਵੀਰ ਸਿੰਘ ਸੁਪਰਡੰਟ ਸਰਬਜੀਤ ਕੌਰ, ਸੀਨੀ. ਸਹਾਇਕ ਅਤੇ ਅਨੀਰੁਧ ਔਹਜਾ, ਨਿਰੀਖਕ ਹਾਜ਼ਰ ਹੋਏ। ਉਨ੍ਹਾਂ ਦਸਿਆ ਗਿਆ ਕਿ ਸਿ਼ਕਾਇਤਕਰਤਾ ਨੂੰ ਪੱਤਰ ਨੰ: 372-373 ਮਿਤੀ 06-11-2019 ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਉਪਰੰਤ ਪੱਤਰ ਨੰ: 1759 ਮਿਤੀ 14-11-2019 ਰਾਹੀਂ ਉਸਦੇ ਪੱਤਰ ਮਿਤੀ 21-06-2019 ਦੇ ਸਬੰਧ ਵਿਚ ਦਸਿਆ ਗਿਆ ਹੈ ਕਿ ਇੰਨਕੁਆਰੀ ਚਲ ਰਹੀ ਹੈ ਅਤੇ ਰਿਪੋਰਟ ਆਉਣ ਤੇ ਉਸਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇਗੀ।

5. ਦੋਨਾਂ ਧਿਰਾਂ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਵਲੋਂ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:** 858 /2019

ਦਿੱਤੀ ਗਈ ਹੈ। ਜਿਥੋ ਤੱਕ ਅਪੀਲਕਰਤਾ ਵਲੋਂ ਚਲ ਰਹੀ ਇੰਨਕੁਆਰੀ ਸਬੰਧੀ ਮੰਗੀ ਗਈ ਸੂਚਨਾ ਦਾ ਸਬੰਧ ਹੈ ਉਸ ਸਬੰਧੀ ਵੀ ਉੱਤਰਦਾਤਾ ਵਲੋਂ ਆਪਣੇ ਉਕਤ ਪੱਤਰ ਮਿਤੀ 14-11-2019 ਰਾਹੀਂ ਸੂਚਨਾ ਦਿੱਤੀ ਜਾ ਚੁੱਕੀ ਹੈ ਕਿ ਇਸ ਮਾਮਲਾ ਦੀ ਇੰਨਕੁਆਰੀ ਚਲ ਰਹੀ ਹੈ। ਇਸ ਲਈ ਕਮਿਸ਼ਨ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਉੱਤਰਦਾਤਾ ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਅਗੇ ਤੋਂ ਸੁਚੇਤ ਹੋ ਕੇ ਆਰ.ਟੀ.ਆਈ ਐਕਟ, 2005 ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਮੰਗੀ ਗਈ ਸੂਚਨਾ ਸਮੇ ਸਿਰ ਦਿੱਤੀ ਜਾਵੇ। ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਸ਼ਿਕਾਇਤ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 19 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਵਿਨੋਦ ਕੁਮਾਰ ਖੁਰਾਨਾ ਐਡਵੋਕੇਟ 9988805570
ਪਤਾ: 110 ,ਸ਼ਿਵਾਲਿਕ ਇੰਨਕਲੇਵ ਮਨੀਮਾਜਰਾ।ਚੰਡੀਗੜ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਭੌ ਪਰਾਪਤੀ ਕੁਲੈਕਟਰ ਇੰਡਸਟਰੀਜ ਪੰਜਾਬ,ਚੰਡੀਗੜ।
17 ਬੇਜ਼ ਬਿਲਡਿੰਗ ਚੰਡੀਗੜ।

ਪਹਿਲੀ ਅਪੀਲੀ ਅਥਾਰਟੀ ਦਫਤਰ ਭੌ ਪਰਾਪਤੀ ਕੁਲੈਕਟਰ
ਇੰਡਸਟਰੀਜ ਪੰਜਾਬ, 17 ਬੇਜ਼ ਬਿਲਡਿੰਗ ਚੰਡੀਗੜ। ------ਉੱਤਰਦਾਤਾ

**ਅਪੀਲ ਕੇਸ ਨੰ: 3381/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਵਿਨੋਦ ਕੁਮਾਰ ਖੁਰਾਨਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵਿੰਦਰ ਸਿੰਘ ਸੀਨੀਅਰ ਸਹਾਇਕ (95922-60971)

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 07-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਨੂੰ ਤਰੁੱਟੀਆਂ ਸਬੰਧੀ ਪੱਤਰ ਭੇਜ਼ ਦਿੱਤਾ ਗਿਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵਿੰਦਰ ਸਿੰਘ ਸੀਨੀਅਰ ਸਹਾਇਕ ਅਤੇ ਮੁਕੇਸ਼ ਸ਼ਰਮਾਂ, ਕਲਰਕ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਅਪੀਲਕਰਤਾ ਪਾਸੋਂ ਕੋਈ ਤਰੁੱਟੀਆਂ ਪ੍ਰਾਪਤ ਨਹੀਂ ਹੋਈਆਂ। ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਉੱਤਰਦਾਤਾ ਦੇ ਨੁਮਾਇੰਦਿਆਂ ਨੂੰ ਪਾਈਆਂ ਗਈਆਂ ਤਰੁਟੀਆਂ ਸਬੰਧੀ ਪੱਤਰ ਦਸਤੀ ਦੇ ਦਿੱਤਾ ਗਿਆ ਸੀ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦੱਸੀਆਂ ਤਰੁਟੀਆਂ ਨੂੰ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 19-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਅਪੀਲਕਰਤਾ ਸ੍ਰੀ ਵਿਨੋਦ ਕੁਮਾਰ ਖੁਰਾਨਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਮੁਕੰਮਲ ਸੂਚਨਾ ਨਹੀ ਦਿਤੀ ਗਈ ਜ਼ੋ ਸੂਚਨਾ ਦਿੱਤੀ ਗਈ ਹੈ ਉਹ ਠੀਕ ਨਹੀਂ ਹੈ। ਇਸ ਤੋਂ ਇਲਾਵਾ ਮੰਗੀ ਗਈ ਸੂਚਨਾ ਦਾ ਸਬੰਧੀ ਤੀਜੀ ਧਿਰ ਨਾਲ ਦਸਿਆ ਜਾ ਰਿਹਾ ਹੈ। ਉਸ ਵਲੋਂ ਇਹ ਵੀ ਕਿਹਾ ਗਿਆ ਕਿ ਆਰ.ਟੀ.ਆਈ.ਐਕਟ. 2005 ਦੀ ਕਿਸ ਧਾਰਾ / ਉਪ ਧਾਰਾ ਅਧੀਨ ਸੂਚਨਾ ਨਹੀਂ ਦਿੱਤੀ ਜਾ ਸਕਦੀ ਸਪਸ਼ੱਟ ਕੀਤਾ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵਿੰਦਰ ਸਿੰਘ ਸੀਨੀਅਰ ਸਹਾਇਕ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਅਪੀਲਕਰਤਾ ਨੂੰ ਪਹਿਲਾਂ ਹੀ ਮੰਗੀ ਗਈ ਸੂਚਨਾ ਦਿੱਤੀ ਹੋਈ ਹੈ ਅਤੇ ਪਹਿਲਾਂ ਦਿੱਤੀ ਗਈ ਸੂਚਨਾ ਤੇ ਹੀ ਸਟੈਂਡ ਹਨ। ਇਸ ਦੇ ਨਾਲ ਹੀ ਉਸ ਵਲੋਂ ਪੱਤਰ ਨੰ: ਐਲ.ਏ.ਸੀ./ਆਰ.ਟੀ.ਆਈ./ਲੇਖਾਕਾਰ/11614 ਮਿਤੀ 19-11-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉੱਤਾਰਾ ਕੀਤਾ ਗਿਆ ਹੈ। ਮਿਸਲ ਤੇ ਰੱਖ ਲਿਆ ਗਿਆ ਹੈ। ਜਿਸ ਰਾਹੀਂ ਦਸਿਆ ਗਿਆ ਕਿ ਲੜੀ ਨੰ: 1 ਅਤੇ 3 ਦਾ ਸਬੰਧ ਤੀਜੀ ਪਾਰਟੀ ਨਾਲ ਹੈ ਅਤੇ ਵਿੱਤੀ ਮਾਮਲਾ ਹੈ। ਲੜੀ ਨੰ: 2 ਦੀ ਸੂਚਨਾ ਦੇ ਦਿੱਤੀ ਗਈ ਹੈ।

4. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ ਅਨੁਸਾਰ ਉਹ ਅਪੀਲਕਰਤਾ ਨੂੰ ਪਹਿਲਾਂ ਦਿੱਤੀ ਗਈ ਸੂਚਨਾ ਤੇ ਹੀ ਸਟੈਂਡ ਹਨ। ਜਿਸ ਅਨੁਸਾਰ ਨੁਕਤਾ ਨੰ: 1 ਦੀ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ, ਨੁਕਤਾ ਨੰ: 2 ਦੀ ਸੂਚਨਾ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਅਤੇ ਨੁਕਤਾ ਨੰ: 3 ਦਾ ਸਬੰਧ ਤੀਜੀ ਧਿਰ ਨਾਲ ਹੈ। ਅਪੀਲਕਰਤਾ ਵਲੋਂ ਦਲੀਲ ਪੇਸ਼ ਕੀਤੀ ਗਈ ਕਿ ਜੇਕਰ ਇਹ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੈ ਤਾਂ ਸਪਸ਼ੱਟ ਕੀਤਾ ਜਾਵੇ ਕਿ ਇਹ ਆਰ.ਟੀ.ਆਈ.ਐਕਟ 2005 ਦੀ ਕਿਸ ਧਾਰਾ /ਉਪ ਧਾਰਾ ਤਹਿਤ ਨਹੀਂ ਦਿੱਤੀ ਜਾ ਸਕਦੀ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣਾ ਜਵਾਬ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਰਜਿਸਟਰਡ ਪੱਤਰ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 19 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**